
**ਜਮਾਤ - ਅੱਠਵੀਂ** — **ਪਾਠ-12 ਪੰਜਾਬ ਦਾ ਸੁਪਨਸਾਜ਼: ਡਾ.ਮਹਿੰਦਰ ਸਿੰਘ ਰੰਧਾਵਾ**

**ਸਾਹਿਤ ਰੂਪ-ਜੀਵਨੀ** — **ਲੇਖਕ-ਜਨਕਰਾਜ ਸਿੰਘ**



**ਪ੍ਰਸ਼ਨ(ੳ) ਡਾ. ਮਹਿੰਦਰ ਸਿੰਘ ਰੰਧਾਵਾ ਕਿੱਥੋਂ ਦੇ ਜੰਮ-ਪਲ ਸਨ?ਉਨ੍ਹਾਂ ਨੇ ਕਿਹੜੀ-ਕਿਹੜੀ ਵਿੱਦਿਅਕ ਯੋਗਤਾ ਪ੍ਰਾਪਤ ਕੀਤੀ ?**

ਉੱਤਰ: ਡਾ. ਮਹਿੰਦਰ ਸਿੰਘ ਰੰਧਾਵਾ ਪੰਜਾਬ ਦੇ ਜੰਮ-ਪਲ ਸਨ। ਆਪ ਨੇ ਲਾਹੌਰ ਤੋਂ ਐਮ.ਐੱਸ.ਸੀ. ਅਤੇ ਲੰਡਨ ਤੋਂ ਆਈ.ਸੀ.ਐੱਸ ਦੀ ਪ੍ਰੀਖਿਆ ਪਾਸ ਕੀਤੀ।


**ਪ੍ਰਸ਼ਨ(ਅ) ਇੱਕ ਅਧਿਕਾਰੀ ਵੱਜੋਂ ਡਾ.ਰੰਧਾਵਾ ਕਿਹੜੇ-ਕਿਹੜੇ ਮੁੱਖ ਅਹੁਦਿਆਂ 'ਤੇ ਸ਼ੁਸ਼ੋਭਿਤ ਰਹੇ?**

ਉੱਤਰ: ਆਪ ਚੰਡੀਗੜ੍ਹ ਦੇ ਮੁੱਖ ਕਮਿਸ਼ਨਰ ਅਤੇ ਪੰਜਾਬ ਦੇ ਵਿਕਾਸ ਕਮਿਸ਼ਨਰ ਰਹੇ।ਆਪ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ-ਕੁਲਪਤੀ ਦੇ ਤੌਰ ਤੇ ਵੀ ਕੰਮ ਕੀਤਾ।




**ਪ੍ਰਸ਼ਨ(ੲ) ਪੰਜਾਬ ਵਿੱਚ ਖੇਤੀਬਾੜੀ ਨੂੰ ਉੱਨਤ ਕਰਨ ਲਈ ਡਾ. ਰੰਧਾਵਾ ਦਾ ਕੀ ਯੋਗਦਾਨ ਹੈ?**

ਉੱਤਰ: ਪੰਜਾਬ ਵਿੱਚ ਖੇਤੀਬਾੜੀ ਨੂੰ ਉੱਨਤ ਕਰਨ ਲਈ ਡਾ. ਰੰਧਾਵਾ ਨੇ ਵਿਸ਼ੇਸ਼ ਪ੍ਰੋਗਰਾਮ ਚਲਾਏ ਜਿਵੇਂ ਘਣੀ ਖੇਤੀ ਜਿਲ੍ਹਾ ਪ੍ਰੋਗਰਾਮ ਆਦਿ।ਖੇਤੀਬਾੜੀ ਵਿੱਚ ਨਵੀਆਂ ਖੋਜਾਂ ਤੇ ਇਨ੍ਹਾਂ ਤੋਂ ਪ੍ਰਾਪਤ ਸਿੱਟਿਆਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਲਈ ਆਪ ਨੇ ਵਿਸ਼ੇਸ਼ ਸਕੀਮਾਂ ਬਣਾਈਆਂ।ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਵਾਗਡੋਰ ਸੰਭਾਲ ਕੇ ਆਪ ਨੇ ਇੱਕ ਵਿਭਾਗ ਕਾਇਮ ਕੀਤਾ ਜੋ ਉੱਨਤ ਖੇਤੀ ਬਾਰੇ ਜਾਣਕਾਰੀ ਦੇਣ ਵਾਲਾ ਸਾਹਿਤ ਛਾਪ ਕੇ ਮੁਫ਼ਤ ਵੰਡਦਾ ਹੈ।ਆਪ ਦੇ ਯਤਨਾਂ ਸਦਕਾ ਹੁਣ ਤੱਕ ਖੇਤੀ ਦੇ ਮਾਹਰ ਕਿਸਾਨ ਮੇਲੇ ਲਾ ਕੇ ਜ਼ਿਮੀਂਦਾਰਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਅਮਲੀ ਰੂਪ ਵਿੱਚ ਹਾਜਰ ਹੁੰਦੇ ਹਨ।




**ਪ੍ਰਸ਼ਨ(ਸ)ਡਾ.ਮਹਿੰਦਰ ਸਿੰਘ ਰੰਧਾਵਾ ਸਾਹਿਤ ਦੇ ਖੇਤਰ ਵਿੱਚ ਕਿਉਂ ਪ੍ਰਸਿੱਧ ਹੋਏ?**

ਉੱਤਰ: ਡਾ. ਰੰਧਾਵਾ ਨੇ ਸਾਹਿਤ, ਸੱਭਿਆਚਾਰ ਗਿਆਨ-ਵਿਗਿਆਨ ਨਾਲ ਸੰਬੰਧਤ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ। ਉਨ੍ਹਾਂ ਨੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਕਾਂਗੜੇ ਤੇ ਕੁੱਲੂ ਦੇ ਲੋਕ ਗੀਤ ਇਕੱਠੇ ਕੀਤੇ ਅਤੇ ਲੋਕਾਂ ਦੇ ਅੰਦਾਜ਼ ਵਿੱਚ ਹੀ ਲਿਖਿਆ।ਆਪ ਕਲਾਕਾਰਾਂ, ਲੇਖਕਾਂ ਅਤੇ ਬੁੱਧੀਜੀਵੀਆਂ ਦੀ ਕਦਰ ਅਤੇ ਉਨ੍ਹਾਂ ਦੀ ਮਦਦ ਕਰਦੇ ਸਨ।ਇਸੇ ਕਾਰਨ ਉਹ ਸਾਹਿਤ ਦੇ ਖੇਤਰ ਵਿੱਚ ਪ੍ਰਸਿੱਧ ਹੋਏ।

**ਪ੍ਰਸ਼ਨ(ਹ) ਵਿਗਿਆਨ ਦੇ ਖੇਤਰ ਨਾਲ ਡਾ.ਰੰਧਾਵਾ ਦਾ ਨਾਂ ਕਿਵੇਂ ਜੁੜਿਆ ਹੈ?**

ਉੱਤਰ: ਡਾ. ਰੰਧਾਵਾ ਜੀ ਨੇ ਐਮ.ਐਸ.ਸੀ. ਕੀਤੀ ਹੋਈ ਸੀ ਇਸ ਤਰ੍ਹਾਂ ਉਹ ਇੱਕ ਵਿਗਿਆਨੀ ਸਨ।ਉਨ੍ਹਾਂ ਨੂੰ ਬਨਸਪਤੀ ਵਿਗਿਆਨ ਬਾਰੇ ਖੋਜ ਕਰਨ ਉੱਤੇ ਪੰਜਾਬ ਯੂਨੀਵਰਸਿਟੀ ਨੇ ਡਾਕਟਰ ਦੀ ਡਿਗਰੀ ਦਿੱਤੀ ਇਸ ਤਰ੍ਹਾਂ ਡਾ. ਰੰਧਾਵਾ ਦਾ ਨਾਂ ਵਿਗਿਆਨ ਦੇ ਖੇਤਰ ਨਾਲ ਜੁੜਿਆ ਹੋਇਆ ਹੈ।

**ਪ੍ਰਸ਼ਨ(ਕ) ਡਾ. ਮਹਿੰਦਰ ਸਿੰਘ ਰੰਧਾਵਾ ਦੀ ਸੋਚ ਤੇ ਸੁਭਾਅ ਬਾਰੇ ਪਾਠ ਵਿੱਚ ਕੀ ਦੱਸਿਆ ਹੈ?**

ਉੱਤਰ: ਡਾ.ਰੰਧਾਵਾ ਵਿਗਿਆਨਿਕ ਸੋਚ ਵਾਲੇ ਵਿਅਕਤੀ ਸਨ।ਆਪ ਸਾਹਿਤ ਪ੍ਰੇਮੀ ਸਨ ਅਤੇ ਸਾਹਿਤਕਾਰਾਂ ਦੀ ਕਦਰ ਕਰਦੇ ਸਨ।ਆਪ ਨੂੰ ਪੰਜਾਬ ਅਤੇ ਪੰਜਾਬੀ ਬੋਲੀ ਨਾਲ ਬਹੁਤ ਪਿਆਰ ਸੀ।ਆਪ ਜਿਸ ਵੀ ਅਹੁਦੇ ਉੱਤੇ ਤੇ ਰਹੇ ਬਹੁਤ ਇਮਾਨਦਾਰੀ ਤੇ ਦ੍ਰਿੜਤਾ ਨਾਲ ਕੰਮ ਕਰਦੇ ਰਹੇ।ਆਪ ਫੁੱਲਾਂ ਤੇ ਦਰੱਖਤਾਂ ਨਾਲ ਬਹੁਤ ਪਿਆਰ ਕਰਦੇ ਸਨ।ਆਪ ਦੇ ਇਸੇ ਗੁਣ ਕਾਰਨ ਚੰਡੀਗੜ੍ਹ ਇੰਨਾ ਸੋਹਣਾ ਸ਼ਹਿਰ ਬਣ ਸਕਿਆ।

**ਪ੍ਰਸ਼ਨ(ਖ) ਪੰਜਾਬ ਨੂੰ ਸੋਹਣਾ ਬਣਾਉਣ ਲਈ ਡਾ.ਰੰਧਾਵਾ ਨੇ ਕੀ ਜਤਨ ਕੀਤੇ?**




ਉੱਤਰ: ਪੰਜਾਬ ਦੇ ਕਮਿਸ਼ਨਰ ਬਣਦਿਆਂ ਹੀ ਆਪ ਨੇ ਇਰਾਦਾ ਕਰ ਲਿਆ ਕਿ ਪੰਜਾਬ ਦੇ ਪਿੰਡਾਂ ਨੂੰ ਅਜਿਹਾ ਬਣਾ ਦਿਆਂਗਾ, ਜਿੱਥੇ ਖੇਤਾਂ ਵਿੱਚ ਟ੍ਰੈਕਟਰ ਫਪ-ਫਪ ਕਰਦੇ ਫਿਰਨ ਟਿਊਬਵੈਲ ਖੇਤਾਂ ਨੂੰ ਪਾਣੀ ਨਾਲ ਸਿੰਜਦੇ ਹੋਣ, ਕਿਸਾਨਾਂ ਵਿੱਚ ਵਿਗਿਆਨਕ ਢੰਗ ਨਾਲ ਖੇਤੀ ਕਰਨ ਦੀ ਸੂਝ ਹੋਵੇ, ਖੇਤਾਂ ਵਿੱਚ ਹੀ ਉਨ੍ਹਾਂ ਦੇ ਸੁੰਦਰ ਫੁੱਲਾਂ ਨਾਲ ਸਜੇ ਘਰ ਹੋਣ।ਹਰ ਪਿੰਡ ਵਿੱਚ ਮਸ਼ੀਨਾਂ ਦੀਆਂ ਮੁਰੰਮਤ ਦੀਆਂ ਸਹੂਲਤਾਂ ਹੋਣ ਅਤੇ ਲੋਕ ਰਸਾਇਣਿਕ-ਖਾਦਾਂ ਅਤੇ ਖੇਤੀ ਦੇ ਉੱਨਤ ਢੰਗਾਂ ਦੇ ਗੁਣ ਅਤੇ ਵਰਤੋਂ ਜਾਣਦੇ ਹੋਣ।ਇਸ ਇਰਾਦੇ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਕਿਸਾਨ ਮੇਲੇ ਅਰੰਭ ਕੀਤੇ ਅਤੇ ਖੇਤੀ ਸੰਬੰਧੀ ਸਾਹਿਤ ਕਿਸਾਨਾਂ ਤੱਕ ਪਹੁੰਚਾਇਆ।




**ਪ੍ਰਸ਼ਨ(ਗ) ਡਾ.ਰੰਧਾਵਾ ਨੇ ਲੁਧਿਆਣਾ ਵਿਖੇ 'ਪੇਂਡੂ ਅਜਾਇਬ-ਘਰ' ਕਿਸ ਮਨੋਰਥ ਨਾਲ ਸਥਾਪਿਤ ਕੀਤਾ?**

ਉੱਤਰ: ਆਪਣੇ ਅਮੀਰ ਵਿਰਸੇ ਨੂੰ ਸੰਭਾਲਣ ਲਈ ਆਪ ਨੇ ਲੁਧਿਆਣਾ ਵਿਖੇ 'ਪੇਂਡੂ ਅਜਾਇਬ-ਘਰ' ਸਥਾਪਿਤ ਕੀਤਾ।ਇਸ ਵਿੱਚ ਪਿੰਡਾਂ ਦੀ ਰਸੋਈ ਵਿੱਚ ਵਰਤੇ ਜਾਂਦੇ ਥਾਲ,ਕੌਲੇ,ਗਲਾਸ,ਛੰਨੇ ਤੇ ਮਿੱਟੀ ਦੀਆਂ ਟਿੰਡਾਂ ਚੁਵੱਕਲੀ ਤੇ ਬੈੜ ਆਦਿ ਤੋਂ ਲੈ ਕੇ ਪੇਂਡੂ ਸਵਾਣੀਆਂ ਦੀਆਂ ਹੱਥੀਂ ਤਿਆਰ ਕੀਤੀਆਂ ਦਰੀਆਂ, ਫੁਲਕਾਰੀਆਂ ਤੇ ਬਾਗਾਂ ਨੂੰ ਇਸ ਅਜਾਇਬ-ਘਰ ਵਿੱਚ ਸਾਂਭਿਆ ਗਿਆ ਹੈ।ਇਸ ਤਰ੍ਹਾਂ ਪੁਰਾਣੇ ਪੰਜਾਬ ਦਾ ਚਿਹਰ-ਮੁਹਰਾ ਵੇਖਣ ਲਈ ਇਹ ਅਜਾਇਬ-ਘਰ ਸ਼ੀਸ਼ੇ ਦਾ ਕੰਮ ਕਰੇਗਾ।

**ਪ੍ਰਸ਼ਨ(ਘ) ਚੰਡੀਗੜ੍ਹ ਨੂੰ ਡਾ. ਰੰਧਾਵਾ ਦੀ ਕੀ ਦੇਣ ਹੈ?**



ਉੱਤਰ: ਚੰਡੀਗੜ੍ਹ ਨੂੰ ਸੋਹਣਾ ਬਣਾਉਣ ਵਿੱਚ ਡਾ. ਰੰਧਾਵਾ ਦਾ ਵਿਸ਼ੇਸ਼ ਯੋਗਦਾਨ ਹੈ। ਚੰਡੀਗੜ੍ਹ ਦੇ ਰੋਜ਼ ਗਾਰਡਨ ਵਿੱਚ ਲੱਗੇ 1000 ਤੋਂ ਵੱਧ ਗੁਲਾਬ ਦੇ ਫੁੱਲਾਂ ਦੀਆਂ ਵੰਨਗੀਆਂ ਡਾ. ਸ਼ਾਹਿਬ ਨੇ ਦੂਜੇ ਮੁਲਕਾਂ ਅਤੇ ਰਾਜਾਂ ਤੋਂ ਮੰਗਵਾਈਆਂ।ਸੈਕਟਰ 10 ਵਿੱਚ ਭਾਰਤ ਅਤੇ ਪੰਜਾਬ ਦੇ ਵੱਡੇ-ਵੱਡੇ ਕਲਾਕਾਰਾਂ ਦੀਆਂ ਕਲਾ-ਕਿਰਤਾਂ ਦੀ ਪ੍ਰਦਰਸ਼ਨੀ ਆਮ ਦਰਸ਼ਕਾਂ ਨੂੰ ਮੋਹ ਲੈਂਦੀ ਹੈ।ਰੋਜ਼ ਗਾਰਡਨ ਦੇ ਉੱਤਰ ਵਾਲੇ ਹਿੱਸੇ ਵਿੱਚ

ਆਪ ਨੇ ਪੰਜਾਬ ਦੇ ਸਾਹਿਤਕਾਰਾਂ, ਨਾਟਕਕਾਰਾਂ ਅਤੇ ਕਲਾਕਾਰਾਂ ਦੀਆਂ ਸ਼ਖਸੀਅਤਾਂ ਨੂੰ ਉਭਾਰਨ ਲਈ 'ਪੰਜਾਬ ਕਲਾ ਪ੍ਰੀਸ਼ਦ' ਨਾਂ ਦੀ ਸੰਸਥਾ ਕਾਇਮ ਕੀਤੀ। ਉਨ੍ਹਾਂ ਨੇ ਪੁਰਾਣੀ ਅਤੇ ਨਵੀਂ ਪੀੜ੍ਹੀ ਦੇ ਹਜਾਰਾਂ ਕਲਾਕਾਰਾਂ ਨੂੰ ਉਤਸ਼ਾਹ ਦੇ ਕੇ ਉਨ੍ਹਾਂ ਦੀ ਕਲਾ ਦੀ ਕਦਰ ਕੀਤੀ ਅਤੇ ਆਮ ਲੋਕਾਂ ਦੀ ਪਹੁੰਚ ਦੇ ਕਾਬਲ ਬਣਾਇਆ।

ਤਿਆਰ ਕਰਤਾ ਕਮਲਜੀਤ ਸਿੰਘ




ਪੰਜਾਬੀ ਮਾਸਟਰ ਸਹਸ ਰੌਂਤਾਖੇੜਾ

## 2. ਔਖੇ ਸ਼ਬਦਾਂ ਦੇ ਅਰਥ:

ਬਹੁਪੱਖੀ - ਕਈਂ ਪੱਖਾਂ ਜਾਂ ਪਹਿਲੂਆਂ ਵਾਲੀ
ਕਾਰਜ-ਖੇਤਰ - ਕੰਮ-ਕਾਜ ਦਾ ਦਾਇਰਾ
ਅੰਦਾਜ਼ - ਤੌਰ-ਤਰੀਕਾ
ਪ੍ਰਤੀਯੋਗਤਾ - ਮੁਕਾਬਲਾ
ਵਿਕਾਸ - ਤਰੱਕੀ ,ਉੱਨਤੀ
ਯੋਗਦਾਨ - ਦੇਣ, ਸਹਿਯੋਗ
ਹੁਨਰ - ਕਿਸੇ ਕੰਮ ਵਿੱਚ ਮੁਹਾਰਤ, ਕਲਾ, ਕਾਰੀਗਰੀ
ਪ੍ਰਮਾਣਿਕ - ਸਹੀ, ਜਿਸ ਲਈ ਕੋਈ ਪ੍ਰਮਾਣ ਹੋਵੇ
ਵਿਸ਼ਾਲ - ਵੱਡਾ
ਸਿਰਜਣਾ - ਰਚਨਾ, ਬਣਾਉਣਾ, ਉਤਪੰਨ
ਪਸਾਰ - ਫੈਲਾਅ, ਖਿਲਾਰ, ਸਿਵਥਾਰ

## 3. ਵਾਕਾਂ ਵਿੱਚ ਵਰਤੋ:

1. ਸਸ਼ੋਭਿਤ - ਰੋਜ਼ ਗਾਰਡਨ ਵਿੱਚ ਵੱਖ-ਵੱਖ ਕਿਸਮ ਦੇ ਗੁਲਾਬ ਸਸ਼ੋਭਿਤ ਹਨ।
2. ਖ਼ਲਕਤ - ਸਾਰੀ ਖ਼ਲਕਤ ਪਰਮਾਤਮਾ ਦਾ ਸਿਜਦਾ ਕਰਦੀ ਹੈ।
3. ਸਹੂਲਤ - ਸਾਡੇ ਸਕੂਲ ਵਿੱਚ ਹਰ ਸਹੂਲਤ ਮੌਜੂਦ ਹੈ।
4. ਉਪਰਾਲੇ - ਸਾਡੇ ਅਧਿਆਪਕਾਂ ਦੇ ਵਿਦਿਆਰਥੀਆਂ ਲਈ ਕੀਤੇ ਉਪਰਾਲੇ ਕਾਬਿਲ-ਏ-ਤਾਰੀਫ ਹਨ।
5. ਪ੍ਰਤਿਭਾ - ਸਰਕਾਰੀ ਸਕੂਲਾਂ ਦੇ ਬੱਚੇ ਬੇਮਿਸਾਲ ਪ੍ਰਤੀਭਾ ਦੇ ਮਾਲਕ ਹਨ।
6. ਵਾਗਡੋਰ - ਅੱਜ ਦੇ ਬੱਚਿਆਂ ਦੇ ਹੱਥ ਭਵਿੱਖ ਦੀ ਵਾਗਡੋਰ ਹੈ।
7. ਸੁਹਿਰਦਤਾ - ਡਾ. ਰੰਧਾਵਾ ਨੇ ਹਰ ਡਿਊਟੀ ਸੁਹਿਰਦਤਾ ਨਾਲ ਨਿਭਾਈ।
8. ਸਹਿਯੋਗੀ - ਮੇਰਾ ਭਰਾ ਮੇਰਾ ਸਹਿਯੋਗੀ ਹੈ।
9. ਰੁਜ਼ਗਾਰ - ਪੰਜਾਬ ਦੇ ਲੋਕਾਂ ਦਾ ਮੁੱਖ ਰੁਜ਼ਗਾਰ ਖੇਤੀ ਹੈ।
10. ਸ਼ਖ਼ਸੀਅਤ - ਡਾ. ਰੰਧਾਵਾ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ।
11. ਤਾੜਨਾ - ਮੇਰੇ ਪਿਤਾ ਜੀ ਨੇ ਮੈਨੂੰ ਕਹਿਣਾ ਮੰਨਣ ਲਈ ਤਾੜਨਾ ਕੀਤੀ
12. ਰਿਣੀ - ਮੈਂ ਆਪਣੇ ਮਾਤਾ-ਪਿਤਾ ਦਾ ਰਿਣੀ ਹਾਂ।